# ਸਿੱਖਣ ਪਰਿਣਾਮ ਆਧਾਰਿਤ ਅਭਿਆਸ ਸ਼ੀਟ- 1

## ਜਮਾਤ : ਪੰਜਵੀਂ

**ਨੋਟ : ਹੇਠਾਂ ਹਰ ਇੱਕ ਪ੍ਰਸ਼ਨ ਦੇ 4 ਵਿਕਲਪ ਦਿੱਤੇ ਹਨ। ਚਾਰ ਵਿਕਲਪਾਂ ਵਿੱਚੋਂ ਸਹੀ ਵਿਕਲਪ 'ਤੇ ਚੱਕਰ ਲਾਓ:-**

**ਹੇਠਾਂ ਦਿੱਤੇ ਪੈਰੇ ਨੂੰ ਧਿਆਨ ਨਾਲ਼ ਪੜ੍ਹੋ**

**ਬੀਬਾ ਦਾ ਅਰਥ ਹੈ ਸਿਆਣਾ। ਉਹ ਬੱਚਾ ਬੀਬਾ ਹੁੰਦਾ ਹੈ ਜਿਹੜਾ ਵੱਡਿਆਂ ਦਾ ਕਹਿਣਾ ਮੰਨਦਾ ਹੈ ਤੇ ਛੋਟਿਆਂ ਨੂੰ ਪਿਆਰ ਕਰਦਾ ਹੈ। ਆਪਣੇ ਸਾਰੇ ਕੰਮ ਜਿਹੜੇ ਉਹ ਕਰ ਸਕਦਾ ਹੈ, ਆਪਣੇ ਹੱਥੀਂ ਕਰਦਾ ਹੈ। ਹਰ ਰੋਜ ਨਹਾ ਕੇ ਸਾਫ਼-ਸੁਥਰੇ ਕੱਪੜੇ ਪਹਿਨਦਾ ਹੈ। ਸਦਾ ਸੱਚ ਬੋਲਦਾ ਹੈ। ਹਰ ਰੋਜ਼ ਸਕੂਲ ਜਾਂਦਾ ਹੈ । ਆਪਣੇ ਸਾਥੀਆਂ ਨਾਲ ਮਿਲ ਜੁਲ ਕੇ ਰਹਿੰਦਾ ਹੈ । ਉਹ ਕਿਸੇ ਨੂੰ ਵੀ ਨਫ਼ਰਤ ਨਹੀਂ ਕਰਦਾ। ਘਰ ਵਿਚ ਆਪਣੇ ਮਾਤਾ ਪਿਤਾ ਦਾ ਘਰ ਦੇ ਕੰਮਾਂ ਵਿਚ ਹੱਥ ਵਟਾਉਂਦਾ ਹੈ ।ਬੀਬਾ ਬੱਚਾ ਸਭ ਨੂੰ ਪਿਆਰਾ ਲੱਗਦਾ ਹੈ।**

**ਵਾਕ ਪੂਰਾ ਕਰੋ**

1.ਬੀਬਾ ਬੱਚਾ ਉਹ ਹੁੰਦਾ ਹੈ ਜਿਹੜਾ

ੳ) ਸਭ ਦਾ ਕਹਿਣਾ ਮੰਨਦਾ ਹੈ    ਅ) ਸਵੇਰੇ ਦੇਰ ਨਾਲ ਉੱਠਦਾ ਹੈ

ੲ) ਕਦੇ ਕਦੇ ਸਕੂਲ ਜਾਂਦਾ ਹੈ    ਸ) ਕਿਸੇ ਦੀ ਮਦਦ ਨਹੀਂ ਕਰਦਾ

2. ਇਹਨਾ ਵਿਚੋਂ ਕਿਹੜਾ ਵਾਕ ਠੀਕ ਨਹੀਂ ਹੈ

ੳ) ਬੀਬਾ ਬੱਚਾ ਸਦਾ ਸੱਚ ਬੋਲਦਾ ਹੈ

ਅ) ਬੀਬਾ ਬੱਚਾ ਛੋਟੇ ਬੱਚਿਆਂ ਨੂੰ ਘੂਰਦਾ ਹੈ

ੲ) ਬੀਬਾ ਬੱਚਾ ਵਡਿਆਂ ਦਾ ਸਤਿਕਾਰ ਕਰਦਾ ਹੈ

ਸ) ਬੀਬਾ ਬੱਚਾ ਅਪਣਾ ਕੰਮ ਆਪ ਕਰਦਾ ਹੈ

3. ਜੇਕਰ "ਨਫ਼ਰਤ" ਲਈ "ਪਿਆਰ" ਹੈ ਤਾਂ "ਸੱਚ" ਲਈ ਕੀ ਹੋਵੇਗਾ?

ੳ) ਸਾਫ਼ ਅ) ਆਦਰ

ੲ) ਝੂਠ ਸ) ਸਿਆਣਾ

4. ਬੀਬੇ ਬੱਚੇ ਨੂੰ ਸਾਰੇ...............ਕਰਦੇ ਹਨ

ੳ) **ਪਿਆਰ** ਅ) **ਗੁੱਸਾ**

ੲ) **ਨਫ਼ਰਤ** ਸ) **ਖ਼ਰਾਬ**

5. ਕੰਮ ਵਿੱਚ ਹੱਥ ਵਟਾਉਣ ਤੋਂ ਕੀ ਭਾਵ ਹੈ?

ੳ) ਅਪਣਾ ਕੰਮ ਆਪ ਕਰਨਾ ਅ) ਕੰਮ ਨੂੰ ਜਲਦੀ ਨਾਲ ਕਰਨਾ

ੲ) ਕੰਮ ਵਿੱਚ ਕਿਸੇ ਦੀ ਸਹਾਇਤਾ ਕਰਨਾ ਸ) ਕੰਮ ਨੂੰ ਹੌਲੀ-ਹੌਲੀ ਕਰਨਾ

**ਹੇਠਾਂ ਦਿੱਤੇ ਇਸ਼ਤਿਹਾਰ ਨੂੰ ਧਿਆਨ ਨਾਲ ਪੜ੍ਹੋ :-**



6. **ਇਸ਼ਤਿਹਾਰ** ਵਿੱਚ ਕਿਸ ਮੁਹਿੰਮ ਬਾਰੇ ਗੱਲ ਕੀਤੀ ਗਈ ਹੈ?

ੳ) ਸਿਹਤ ਮੁਹਿੰਮ    ਅ) ਦਾਖ਼ਲਾ ਮੁਹਿੰਮ

ਸ) ਖੇਡ ਮੁਹਿੰਮ    ਹ) ਕੋਈ ਨਹੀਂ

7.ਹੇਠ ਲਿਖਿਆਂ ਵਿੱਚੋਂ ਕਿਹੜੀ ਸਕੂਲ ਦੀ ਵਿਸ਼ੇਸਤਾ ਨਹੀਂ ਹੈ?

ੳ) ਪੌਸ਼ਟਿਕ ਭੋਜਨ    ਅ) ਲਾਇਬ੍ਰੇਰੀ ਦਾ ਪ੍ਰਬੰਧ

ਸ) ਸਵਿਮਿੰਗ ਪੂਲ    ਹ) ਖੁੱਲ੍ਹੇ ਖੇਡ ਦੇ ਮੈਦਾਨ

8. **ਇਸ਼ਤਿਹਾਰ** ਕਿਸ ਸੰਸਥਾ ਨਾਲ ਸੰਬੰਧਿਤ ਹੈ?

ੳ) ਪ੍ਰਾਇਵੇਟ ਸਕੂਲ    ਅ) ਸਰਕਾਰੀ ਸਕੂਲ

ਸ) ਕਾਲਜ    ਹ) ਯੂਨੀਵਰਸਿਟੀ

9. **ਇਸ਼ਤਿਹਾਰ** ਮੁਤਾਬਿਕ ਸੰਸਥਾ ਵਿੱਚ ਕਿਹੜੀਆਂ ਜਮਾਤ ਦੇ ਦਾਖ਼ਲੇ ਦੀ ਗੱਲ ਕੀਤੀ ਗਈ ਹੈ?

ੳ) ਨਰਸਰੀ ਤੋਂ ਬਾਰ੍ਹਵੀਂ    ਅ) ਪ੍ਰੀ-ਪ੍ਰਾਇਮਰੀ ਤੋਂ ਬਾਰ੍ਹਵੀਂ

ਸ) ਪ੍ਰੀ-ਪ੍ਰਾਇਮਰੀ ਤੋਂ ਦਸਵੀਂ    ਹ) ਨਰਸਰੀ ਤੋਂ ਅੱਠਵੀਂ

10. **ਇਸ਼ਤਿਹਾਰ** ਕਿਸ ਸੈਸ਼ਨ ਨਾਲ ਸੰਬੰਧਿਤ ਹੈ?

ੳ) 2021-22    ਅ) 2022-23

ਸ) 2020-21    ਹ) 2023-24

ਹੇਠਾਂ ਦਿੱਤੇ ਵਾਰਤਾਲਾਪ ਨੂੰ ਪੜ੍ਹੋ:-

ਰਾਤ ਦਾ ਖਾਣਾ ਖਾ ਕੇ, ਦਾਦਾ ਜੀ ਹਵੇਲੀ ਦਾ ਗੇੜਾ ਮਾਰ ਕੇ,ਵਾਪਸ ਆਪਣੀ ਬੈਠਕ ਵਿੱਚ ਗਏ।

"ਦਾਦਾ ਜੀ! ਖਾਓ ਗੁਲਾਬ ਜਾਮਣ ਤੇ ਰਸਗੁੱਲੇ, ਪੀਓ ਗਰਮ-ਗਰਮ ਦੁੱਧ।" ਪੋਤਾ ਦੁੱਧ ਵਾਲ਼ੀ ਗੜਵੀ ਤੇ ਪਲੇਟ ਮੇਜ਼ ਉੱਤੇ ਰੱਖਦਾ ਬੋਲਿਆ। "ਪੁੱਤਰ ਜੀ! ਗੁਲਾਬ ਜਾਮਣ ਤੇ ਰਸਗੁੱਲੇ ਮੈਂ ਨਹੀਂ ਖਾਣੇ,ਹਾਂ ਦੁੱਧ ਜ਼ਰੂਰ ਪੀ ਲਵਾਂਗਾ।" "ਕਿਉਂ ਦਾਦਾ ਜੀ? ਗੁਲਾਬ ਜਾਮਣ ਤੇ ਰਸਗੁੱਲੇ ਕਿਉਂ ਨਹੀਂ ਖਾਣੇ,ਤੁਹਾਨੂੰ ਕਿਹੜਾ ਸ਼ੂਗਰ ਹੈ?" "ਬੱਲਿਆ! ਇਸ ਉਮਰ ਵਿੱਚ ਸਾਵਧਾਨੀ ਜ਼ਰੂਰੀ ਐ,ਜ਼ਿਆਦਾ ਮਿੱਠਾ ਖਾਣਾ ਠੀਕ ਨਹੀਂ। ਵੈਸੇ ਇਹ ਮਿਠਿਆਈ ਕਿੱਥੋਂ।" ਦਾਦਾ ਜੀ ਨੂੰ ਕੁਝ ਹੈਰਾਨੀ ਜ਼ਰੂਰ ਹੋਈ। "ਦਾਦਾ ਜੀ ਸਰਪੰਚ ਦੇ ਮੁੰਡੇ ਦਾ ਵਿਆਹ ਐ। ਕਾਰਡ ਤੇ ਮਿਠਿਆਈ ਦਾ ਡੱਬਾ ਉੱਥੋਂ ਆਇਐ। ਹੁਣ ਤੁਸੀਂ ਦੁੱਧ ਪੀਓ ਤੇ ਮੈਨੂੰ ਕਹਾਣੀ ਸੁਣਾਓ।" ਪੋਤੇ ਨੂੰ ਕੁਝ ਕਾਹਲ਼ ਸੀ।ਦਾਦਾ ਜੀ ਨੇ ਦੋ ਗਲਾਸਾਂ ਵਿੱਚ ਦੁੱਧ ਪਾਇਆ।ਪੋਤੇ ਨੇ ਗੁਲਾਬ ਜਾਮਣ ਤੇ ਰਸਗੁੱਲੇ ਖਾ ਲਏ।

ਉਪਰੋਕਤ ਵਾਰਤਾਲਾਪ ਪੜ੍ਹ ਕੇ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਸਹੀ ਵਿਕਲਪ 'ਤੇ ਚੱਕਰ ਲਾਓ:-

11. ਦਾਦਾ ਜੀ ਕਿੱਥੇ ਬੈਠ ਗਏ ਸਨ?

ੳ) ਹਵੇਲੀ ਵਿੱਚ　　ਅ) ਚੁਬਾਰੇ ਵਿੱਚ

ੲ) ਬੈਠਕ ਵਿੱਚ　　ਸ) ਘਰ ਵਿੱਚ

12. ਗੁਲਾਬ ਜਾਮਣ ਅਤੇ ਰਸਗੁੱਲੇ ਖਾਣ ਤੋਂ ਦਾਦਾ ਜੀ ਕਿਉਂ ਡਰ ਰਹੇ ਸਨ?

ੳ) ਗੁਲਾਬ ਜਾਮਣ ਬਹੁਤ ਗਰਮ ਸੀ।　　ਅ) ਗੁਲਾਬ ਜਾਮਣ ਖ਼ਰਾਬ ਹੋ ਗਈ ਸੀ।

ੲ) ਦਾਦਾ ਜੀ ਨੂੰ ਸ਼ੂਗਰ ਦੀ ਬਿਮਾਰੀ ਸੀ।　　ਸ) ਦਾਦਾ ਜੀ ਸਿਹਤ ਪ੍ਰਤੀ ਜਾਗਰੂਕ ਸਨ।

13. ਪੋਤੇ ਨੂੰ ਕਾਹਲ਼ ਸੀ ਕਿਉਂਕਿ ਉਹ……

ੳ) ਦੋਸਤਾਂ ਨਾਲ਼ ਖੇਡਣਾ ਚਾਹੁੰਦਾ ਸੀ।　　ਅ) ਸਕੂਲ ਦਾ ਕੰਮ ਕਰਨਾ ਚਾਹੁੰਦਾ ਸੀ।

ੲ) ਕੋਈ ਕਹਾਣੀ ਸੁਣਨਾ ਚਾਹੁੰਦਾ ਸੀ।　　ਸ) ਗੁਲਾਬ ਜਾਮਣ ਤੇ ਰਸਗੁੱਲੇ ਖਾਣਾ ਚਾਹੁੰਦਾ ਸੀ।

14. "ਬੱਲਿਆ! ਇਸ ਉਮਰ ਵਿੱਚ ਸਾਵਧਾਨੀ ਜ਼ਰੂਰੀ ਐ।"

ਇਸ ਸਤਰ ਵਿੱਚ ਕਿਸ ਉਮਰ ਦੀ ਗੱਲ ਕੀਤੀ ਗਈ ਹੈ?

ੳ) ਜਵਾਨੀ ਦੀ　　ਅ) ਬਚਪਨ ਦੀ


ੲ) ਸਾਰੀ ਉਮਰ ਦੀ　　ਸ) ਬੁਢਾਪੇ ਦੀ

15. ਜਿਵੇਂ ਦਾਦੇ ਦਾ ਪੋਤਾ ਹੁੰਦਾ ਹੈ,ਉਵੇਂ ਹੀ ਹੇਠ ਲਿਖਿਆਂ ਵਿੱਚੋਂ ਨਾਨੇ ਦਾ ਕੀ ਹੋਵੇਗਾ?

ੳ) ਭਾਣਜਾ　　ਅ) ਦੋਹਤਾ

ੲ) ਭਤੀਜਾ　　ਸ) ਇਹਨਾਂ ਵਿੱਚੋਂ ਕੋਈ ਨਹੀਂ

16.ਗਿਣਤਾਰੇ ਦੇ ਮੋਤੀਆਂ ਅਨੁਸਾਰ ਸਹੀ ਉੱਤਰ ਚੁਣੋ:




ੳ)

| ਸੈਂਕੜਾ | ਦਹਾਈਆਂ | ਇਕਾਈਆਂ |
|---|---|---|
| 6 | 4 | 2 |

ਅ)

| ਸੈਂਕੜਾ | ਦਹਾਈਆਂ | ਇਕਾਈਆਂ |
|---|---|---|
| 2 | 4 | 6 |


ੲ)

| ਸੈਂਕੜਾ | ਦਹਾਈਆਂ | ਇਕਾਈਆਂ |
|---|---|---|
| 6 | 40 | 2 |

ਸ)

| ਸੈਂਕੜਾ | ਦਹਾਈਆਂ | ਇਕਾਈਆਂ |
|---|---|---|
| 6 | 2 | 4 |

17. ਕਿੰਨੇ ਬੱਦਲਾਂ ਵਿੱਚ 8 ਦਹਾਈ ਦੀ ਥਾਂ ਹੈ?




ੳ) 9

ਅ) 3

ੲ) 6

ਸ) 5

18. ਸੰਖਿਆ ਪਛਾਣੋ ਜਿਸਦੇ ਦਹਾਈ ਦੇ ਅੰਕ ਦਾ ਸਥਾਨਕ ਮੁੱਲ 90 ਹੈ:

ੳ) 945 ਅ) 594


ੲ) 459 ਸ) 954

19. 57 ਦਹਾਈਆਂ ਅਤੇ 13 ਇਕਾਈਆਂ ਨਾਲ਼ ਕਿਹੜੀ ਸੰਖਿਆ ਬਣੇਗੀ ?

ੳ) 570 ਅ) 573

ੲ) 513 ਸ) 583


20. ਚਿੱਤਰ ਨੂੰ ਦੇਖੋ ਅਤੇ ਇਕਾਈਆਂ ਦੱਸੋ :



ੳ) 20 ਅ)122

ੲ) 221 ਸ) 212


21. ਅਵਨੀਤ ਦੇ ਘਰ ਦਾ ਨੰਬਰ ਅੱਠ ਸੌ ਉਣਾਹਠ ਹੈ। ਦੱਸੋ ਅਵਨੀਤ ਦਾ ਘਰ ਕਿਹੜਾ ਹੈ ?




22. ਮੈਂ ਤਿੰਨ ਅੰਕਾਂ ਦੀ ਸੰਖਿਆ ਹਾਂ ਜਿਸਦਾ ਦਹਾਈ ਦਾ ਅੰਕ 7,ਇਕਾਈ ਦਾ ਅੰਕ 4 ਤੋਂ 3 ਵੱਧ ਅਤੇ ਸੌ ਦੇ ਸਥਾਨ ਦਾ ਅੰਕ 7 ਅਤੇ 9 ਦੇ ਵਿਚਕਾਰ ਹੈ।

ੳ) 479 ਅ) 877

ੲ) 859 ਸ) 787

23. ਜੇ  = ਹਜ਼ਾਰ,  = ਇਕਾਈ

ਹਰਪ੍ਰੀਤ ਦਾ ਜਨਮ  ਦੇ ਅਨੁਸਾਰ

ਹਰਪ੍ਰੀਤ ਦੇ ਜਨਮ ਦਾ ਸਾਲ ਦੱਸੋ

ੳ) 205 ਅ) 2005

ੲ) 25 ਸ) 502

24. ਹਰਜੋਤ ਕੋਲ਼ ਚਾਰ ਕਾਰਡ ਹਨ। ਉਹ ਇਹਨਾਂ ਵਿੱਚੋਂ ਸਭ ਤੋਂ ਛੋਟੀ ਸੰਖਿਆ ਵਾਲ਼ਾ ਕਾਰਡ ਚੁੱਕਣਾ ਚਾਹੁੰਦਾ ਹੈ। ਦੱਸੋ ਉਹ ਕਿਹੜਾ ਕਾਰਡ ਚੁਕੇਗਾ?




ੳ) ਅ) ੲ) ਸ)

25 ਘਰ ਦੇ ਨੰਬਰਾਂ ਨੂੰ ਵੱਧਦੇ ਕ੍ਰਮ ਵਿੱਚ ਲਗਾਉਂਦੇ ਸਮੇਂ ਤੀਜੇ ਨੰਬਰ ‘ਤੇ ਕਿਸਦੇ ਘਰ ਦਾ ਨੰਬਰ ਆਏਗਾ ?




ੳ) ਹਰਲੀਨ ਅ) ਗੁਰਪ੍ਰੀਤ


ੲ) ਪ੍ਰਭਲੀਨ ਸ) ਮੀਨੂੰ

26. ਅਮ੍ਰਿਤ ਕੋਲ਼  100 ਮੋਮਬਤੀਆਂ ਦੇ 3 ਡੱਬੇ , 10 ਮੋਮਬੱਤੀਆਂ ਵਾਲੇ 5 ਡੱਬੇ ਅਤੇ 6 ਖੁੱਲ੍ਹੀਆਂ ਮੋਮਬਤੀਆਂ ਹਨ। ਦੱਸੋ ਅੰਮ੍ਰਿਤ ਕੋਲ਼ ਕਿੰਨੀਆਂ ਮੋਮਬਤੀਆਂ ਹਨ ?

ੳ) 356 ਅ) 365

ੲ) 635 ਸ) 653

27.  ਰਸਲੀਨ ਨੇ ਗਿਣਤੀ 110 ਤੋਂ ਸ਼ੁਰੂ ਕਰਕੇ 5 ਦੇ ਅੰਤਰਾਲ ਨਾਲ਼ ਛਾਲ਼ਾਂ ਲਗਾਈਆਂ ।ਛਾਲ਼ਾਂ ਲਗਾਉਂਦੇ ਹੋਏ ਕਿਹੜੀ ਸੰਖਿਆ ਨਹੀਂ ਆਈ?




ੳ) 115 ਅ) 137

ੲ) 135 ਸ) 140

28.  ਮੈਂ ਕਹਾਣੀ ਦੀ ਇੱਕ ਕਿਤਾਬ ਦੇ 69 ਪੰਨੇ ਪੜ੍ਹੇ।ਰਵੀ ਨੇ ਉਸੇ ਕਹਾਣੀ ਦੀ ਕਿਤਾਬ ਦਾ ਕੋਈ ਪੰਨ ਨਹੀਂ ਪੜ੍ਹਿਆ। ਮੈਂ ਰਵੀ ਤੋਂ ਕਿੰਨੇ ਵੱਧ ਪੰਨੇ ਪੜ੍ਹੇ।

ੳ) 50 ਤੋਂ 100 ਦੇ ਵਿਚਕਾਰ ਅ) 50 ਤੋਂ ਘੱਟ

ੲ) 50 ਰੁਪਏ ਦੇ ਬਰਾਬਰ ਸ) 250 ਰੁਪਏ

29.  ਰਵੀ ਕੋਲ਼ 311 ਬੰਟੇ ਸੀ । ਸੋਨੂ ਨੇ ਰਵੀ ਨੂੰ 241 ਬੰਟੇ ਹੋਰ ਦੇ ਦਿੱਤੇ ਹੁਣ ਰਵੀ ਕੋਲ਼ ਬੰਟਿਆਂ ਦੀ ਗਿਣਤੀ ਪਤਾ ਕਰਨ ਲਈ ਤੁਸੀਂ ਕੀ ਕਰੋਗੇ :

ੳ)   311+241 ਅ) 311-241

ੲ) 311∗ 241 ਸ) 311 ÷ 241

30. ਮੇਰੇ ਕੋਲ਼ 475 ਰੁਪਏ ਸੀ। ਮੈਂ ਉਸ ਵਿੱਚੋਂ 275 ਰੁਪਏ ਅਪਣੀ ਭੈਣ ਨੂੰ ਦਿੱਤੇ ਤਾਂ ਮੇਰੇ ਕੋਲ਼ 200 ਰੁਪਏ ਬਚੇ।ਮਾਤਾ ਜੀ ਨੇ ਮੈਨੂੰ ਕੁਝ ਰੁਪਏ ਹੋਰ ਦਿੱਤੇ ਤਾਂ ਮੇਰੇ ਕੋਲ਼ ਫਿਰ ਤੋਂ 475 ਰੁਪਏ ਹੋ ਗਏ। ਦੱਸੋ ਮਾਤਾ ਜੀ ਨੇ ਮੈਨੂੰ ਕਿੰਨੇ ਰੁਪਏ ਦਿੱਤੇ :

475 - 275 = 200

↓

_____ + 275 = 475

ੳ ) 275 ਅ ) 200

ੲ ) 475 ਸ ) 485

31.ਦੀਪੂ ਦੀ ਚਾਚੀ ਜੀ ਦਾ ਦੀਪੂ ਦੀ ਮੰਮੀ ਨਾਲ਼ ਕੀ ਰਿਸ਼ਤਾ ਹੈ ?

ੳ) ਜਿਠਾਣੀ ਅ) ਭੈਣ

ੲ) ਦਰਾਣੀ ਸ) ਨਨਾਣ

32. ਅਨੂ ਦੇ ਪਿਤਾ ਜੀ ਦੇ ਵੱਡੇ ਭਰਾ ਅਨੂ ਦੇ ਰਿਸ਼ਤੇ ਵਿੱਚ ਅਨੂ ਦੇ ਕੀ ਲੱਗਦੇ ਹਨ ?

ੳ) ਚਾਚਾ ਜੀ ਅ) ਦਾਦਾ ਜੀ

ਸ) ਮਾਮਾ ਜੀ ੲ) ਤਾਇਆ ਜੀ

33. ਮਿੱਟੀ ਦੇ ਭਾਂਡੇ ਬਣਾਉਣ ਵਾਲ਼ੇ ਨੂੰ... ?

ੳ) ਮੋਚੀ ਕਹਿੰਦੇ ਹਨ। ਅ) ਡਰਾਇਵਰ ਕਹਿੰਦੇ ਹਨ।

ੲ) ਘੁਮਿਆਰ ਕਹਿੰਦੇ ਹਨ ਸ) ਮਿਸਤਰੀ ਕਹਿੰਦੇ ਹਨ।

34.ਦਰਜ਼ੀ ਸੂਈ ਨਾਲ ਕੀ ਕੰਮ ਕਰਦਾ ਹੈ?

ੳ) ਕੱਪੜੇ 'ਤੇ ਨਿਸ਼ਾਨ ਲਗਾਉਂਦਾ ਹੈ। ਅ) ਬਟਨ ਲਾਉਂਦਾ ਹੈ ਅਤੇ ਤਰਪਾਈ ਕਰਦਾ ਹੈ।

ੲ) ਕੱਪੜੇ ਕੱਟਦਾ ਹੈ। ਸ) ਕੋਈ ਕੰਮ ਨਹੀਂ ਕਰਦਾ।

35. ਜੁੱਤੀਆਂ ਦੀ ਮੁਰੰਮਤ ਕਰਨ ਵਾਲੇ ਨੂੰ ਕੀ ਕਿਹਾ ਜਾਂਦਾ ਹੈ ?

ੳ) ਡਾਕਟਰ ਅ) ਵਕੀਲ

ੲ) ਸਫ਼ਾਈ ਕਰਮਚਾਰੀ ਸ) ਮੋਚੀ

36. ਹੇਠ ਲਿਖਿਆਂ ਵਿੱਚੋਂ ਕਿਹੜੀ ਚੀਜ਼ ਮੇਲੇ ਵਿੱਚ ਨਹੀਂ ਮਿਲਦੀ ?

ੳ) ਖਿਡੌਣਿਆਂ ਵਾਲ਼ੀਆਂ ਦੁਕਾਨਾਂ ਅ) ਖਾਣ-ਪੀਣ ਦੇ ਸਮਾਨ ਦੀਆਂ ਦੁਕਾਨਾਂ

ੲ) ਝੂਲੇ ਸ) ਸੀਮਿੰਟ ਦੀਆਂ ਦੁਕਾਨਾਂ

37. ਮਾਘੀ ਦਾ ਮੇਲਾ ਕਦੋਂ ਲੱਗਦਾ ਹੈ?

ੳ) ਲੋਹੜੀ ਤੋਂ ਇੱਕ ਦਿਨ ਪਹਿਲਾਂ ਅ) ਦਸੰਬਰ ਦੀਆਂ ਛੁੱਟੀਆਂ ਵਿੱਚ

ੲ) ਮਾਘ ਮਹੀਨੇ ਦੀ ਸੰਗਰਾਂਦ ਨੂੰ ਸ) ਇੱਕ ਜਨਵਰੀ ਨੂੰ

38.ਜਿਸ ਸ਼ੋਅ ਵਿੱਚ ਜਾਨਵਰਾਂ ਦੇ ਕਰਤਬ ਵੀ ਦਿਖਾਏ ਜਾਂਦੇ ਹਨ, ਉਸ ਨੂੰ ਕੀ ਕਹਿੰਦੇ ਹਨ?

ੳ) ਮੈਜਿਕ ਸ਼ੋਅ ਅ) ਸਰਕਸ

ੲ) ਚੰਡੋਲ ਸ) ਇਹਨਾਂ ਵਿੱਚੋਂ ਕੁਝ ਵੀ ਨਹੀਂ

39. ਕਿਸੇ ਵਸਤੂ ਦੀ ਸ਼ੁੱਧਤਾ ਦੀ ਪਰਖ ਕਿਵੇਂ ਕੀਤੀ ਜਾ ਸਕਦੀ ਹੈ ?

ੳ) ਹੱਥ ਨਾਲ ਛੂਹ ਕੇ ਅ) ਸੁੰਘਣ ਨਾਲ਼

ੲ) ਸ਼ੁੱਧਤਾ-ਚਿੰਨ੍ਹ ਦੇਖ ਕੇ ਸ) ਦੁਕਾਨਦਾਰ ਦੇ ਦੱਸਣ 'ਤੇ

40. ਫੁੱਲਾਂ ਵਿੱਚੋਂ ਬਹੁਤ ਮਨਮੋਹਕ ਖ਼ੁਸ਼ਬੂ ਆਉਂਦੀ ਹੈ। ਹੇਠ ਲਿਖਿਆਂ ਵਿੱਚੋਂ ਦੱਸੋ ਕਿਹੜਾ ਸਮੂਹ ਖ਼ੁਸ਼ਬੂਦਾਰ ਫੁੱਲਾਂ ਦਾ ਹੈ ?

ੳ) ਕਪਾਹ, ਸਰ੍ਹੋਂ, ਗੁਲਾਬ    ਅ) ਗੁਲਾਬ, ਗੇਂਦਾ, ਚਮੇਲੀ

ੲ) ਕਪਾਹ, ਸੂਰਜਮੁਖੀ, ਕਿੱਕਰ    ਸ) ਗੇਂਦਾ, ਕਪਾਹ, ਅੱਕ

41. ਹੇਠ ਲਿਖਿਆਂ ਵਿੱਚੋਂ ਗ਼ਲਤ ਜੋੜੇ ਦੀ ਪਹਿਚਾਣ ਕਰੋ:

ੳ) ਖ਼ੁਸ਼ਬੂ - ਸੁੰਘ ਕੇ ਪਤਾ ਲਗਦੀਹੈ।    ਅ) ਅਵਾਜ਼ - ਸੁਣ ਕੇ ਪਤਾ ਲਗਦਾ ਹੈ।

ੲ) ਸੁਆਦ - ਜੀਭ ਨਾਲ ਚਖ ਕੇ ਪਤਾ ਲਗਦਾ ਹੈ।    ਸ) ਦੁਰਗੰਧ - ਦੇਖ ਕੇ ਪਤਾ ਲਗਦਾ ਹੈ।

42. ਕਿਹੜੇ ਤਰੀਕੇ ਨਾਲ਼ ਪਾਣੀ ਨੂੰ ਧਰਤੀ ਵਿੱਚੋਂ ਬਾਹਰ ਕੱਢਿਆ ਜਾਂਦਾ ਹੈ?

ੳ) ਬੰਨ੍ਹ, ਡੈਮ ਅਤੇ ਖੂਹ ਬਣਾ ਕੇ    ਅ) ਤਲਾਬ ਅਤੇ ਖੂਹ ਦੀ ਮਦਦ ਨਾਲ਼

ੲ)ਖੂਹ ਅਤੇ ਟਿਊਬਵੈੱਲ ਲਗਾ ਕੇ    ਸ)ਨਹਿਰਾਂ ਖੋਦ ਕੇ

43.ਜੇ ਕਿਸੇ ਅਣਜਾਣ ਵਿਅਕਤੀ ਵੱਲੋਂ ਛੂਹਣਾ ਤੁਹਾਨੂੰ ਠੀਕ ਨਾ ਲੱਗੇ, ਤਾਂ ਕੀ ਕਰਨਾ ਚਾਹੀਦਾ ਹੈ?

ੳ) ਵੱਡਿਆਂ ਨੂੰ ਦੱਸ ਦੇਣਾ ਚਾਹੀਦਾ ਹੈ।ਅ) ਵੱਡਿਆਂ ਤੋਂ ਛੁਪਾਉਣਾ ਚਾਹੀਦਾ ਹੈ।

ੲ) ਘਰੋਂ ਨਿਕਲਣਾ ਬੰਦ ਕਰ ਦੇਣਾ ਚਾਹੀਦਾ ਹੈ।    ਸ) ਕੁਝ ਨਹੀਂ ਕਰਨਾ ਚਾਹੀਦਾ।

44.ਤੁਹਾਡੀ ਜਮਾਤ ਵਿਚ ਇਕ ਨੇਤਰਹੀਨ ਬੱਚਾ ਦਾਖ਼ਲ ਹੋਇਆ ਹੈ।ਤੁਸੀਂ ਉਸ ਦੀ ਪੜ੍ਹਨ ਵਿੱਚ ਕਿਵੇਂ ਮਦਦ ਕਰੋਗੇ ?

ੳ) ਉਸ ਨੂੰ ਸਭ ਤੋਂ ਅੱਗੇਵਾਲ਼ੇ ਡੈਸਕ ਉੱਤੇ ਬੈਠਣ ਲਈ ਪ੍ਰੇਰਿਤ ਕਰਾਂਗੇ।

ਅ) ਉਸ ਨੂੰ ਹਫ਼ਤੇ ਵਿੱਚ ਸਿਰਫ਼ ਦੋ ਦਿਨ ਸਕੂਲ ਆਉਣ ਲਈ ਕਹਾਂਗੇ।

ੲ) ਉਸ ਨੂੰ ਸਿਰਫ ਸੁਣ ਕੇ ਪੜ੍ਹਨ ਲਈ ਕਹਾਂਗੇ।

ਸ) ਬਰੇਲ ਲਿਪੀ ਦੀ ਮਦਦ ਨਾਲ ਪੜ੍ਹਨ ਲਈ ਪ੍ਰੇਰਿਤ ਕਰਾਂਗੇ।

45. ਪਰਿਵਾਰ ਵਿੱਚ ਵਾਧਾ ਹੁੰਦਾ ਹੈ.........................?

ੳ)ਪਰਿਵਾਰ ਵਿੱਚ ਰਹਿੰਦੇ ਜੀਆਂ ਦੀ ਉਮਰ ਵਿੱਚ ਵਾਧਾ ਹੋਣ ਨਾਲ਼।

ਅ)ਪਰਿਵਾਰ ਵਿੱਚੋਂ ਕਿਸੇ ਜੀਅ ਦੇ ਸ਼ਹਿਰ ਨਿਵਾਸ ਕਰਨ ਨਾਲ਼।

ੲ)ਪਰਿਵਾਰ ਵਿੱਚ ਕਿਸੇ ਜੀਅ ਦੇ ਪੈਦਾ ਹੋਣ ਨਾਲ਼।

ਸ)ਉਪਰੋਕਤ ਸਾਰੇ ਕਥਨ ਸਹੀ ਹਨ।